# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 03 ਮਾਰਚ 2026 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਰੰਗਾਂ ਵਿਚ ਹੈ ਪਿਆਰ ਕਿ ਹੋਲੀ ਆਈ ਰੇ


ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ





ਹੋਲੀ ਦੇ ਤਿਉਹਾਰ ਸਾਰੇ ਭਾਰਤ ਹੀ ਨਹੀਂ ਬਲਕਿ ਵਿਦੇਸ਼ਾਂ ਵਿਚ ਵੀ ਧੂਮ ਧਾਮ ਤੇ ਸ਼ਰਧਾ ਭਾਵ ਨਾਲ ਮਨਾਇਆ ਜਾਂਦਾ ਹੈ। ਰੰਗਾਂ ਦੀ ਮਰਿਆਦਾ ਵਿਚ ਉਤਸ਼ਾਹ ਦੇ ਨਜ਼ਾਰੇ ਸੱਤਰੰਗੀ ਪਰਿਭਾਸ਼ਾ ਛੱਡਦੇ ਹਨ। ਖੁਸ਼ੀ, ਉਮੰਗ, ਤਰੰਗ, ਉਤਸ਼ਾਹ, ਭਾਈਚਾਰਾ, ਦੇਸ਼ ਭਗਤੀ ਅਤੇ ਰੰਗ ਰੂਪ, ਜਾਤ-ਪਾਤ ਤੋਂ ਉਪਰ ਉਠਕੇ ਇਹ ਤਿਉਹਾਰ ਮਨਾਇਆ ਜਾਂਦਾ ਹੈ। ਇਹ ਤਿਉਹਾਰ ਫੱਗਣ ਦੀ ਪੂਰਨਮਾਸੀ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਸਾਰੇ ਆਦਮੀ, ਔਰਤਾਂ ਅਤੇ ਬੱਚੇ ਬੁੱਢੇ ਹੋਲੀ ਦਾ ਪੂਜਣ ਕਰਦੇ ਹਨ। ਪੂਜਾ ਅਰਚਨਾ ਤੋਂ ਬਾਅਦ ਹੋਲੀਕਾ ਨੂੰ ਜਲਾਇਆ ਜਾਂਦਾ ਹੈ। ਇਸ ਦਿਨ ਵਰਤ ਰੱਖਣੇ ਸ਼ੁੱਭ ਮੰਨੇ ਜਾਂਦੇ ਹਨ। ਇਸ ਦਿਨ ਹਨੂੰਮਾਨ ਜੀ, ਭੈਰੋਂ ਜੀ ਆਦਿ ਦੇਵਤਿਆਂ ਦੀ ਵੀ ਪੂਜਾ ਕੀਤੀ ਜਾਂਦੀ ਹੈ। ਜਿਨ੍ਹਾਂ ਸਥਾਨਾਂ ਉਪਰ ਭਗਵਾਨ ਦੀਆਂ ਲੀਲਾ ਪ੍ਰਸੰਗ ਕਿਰਿਆਵਾਂ ਹੋਈਆਂ ਉਥੇ ਉਥੇ ਮੰਦਿਰ ਸਥਾਪਤ ਹੋਏ ਜੋ ਕਿ ਤੀਰਥ ਸਥਾਨ ਦਾ ਰੂਪ ਬਣ ਗਏ। ਹੋਲੀ ਇਸ ਇਤਿਹਾਸ ਨਾਲ ਵੀ ਜੁੜੀ ਹੋਈ ਹੈ। ਵੈਸੇ ਤਾਂ ਹੋਲੀ ਦਾ ਮੰਗਲਾਚਰਣ ਬਸੰਤ ਰੁੱਤ ਵਿਚ ਹੀ ਹੋ ਜਾਂਦਾ ਹੈ। ਸਾਰਾ ਬਰਜ (ਕ੍ਰਿਸ਼ਨ ਸਥਾਨ) ਅਲੌਕਿਕਤਾ ਨਾਲ ਭਰ ਜਾਂਦਾ ਹੈ। ਜਗ੍ਹਾ-ਜਗ੍ਹਾ ਉਪਰ ਗੁਲਾਲ ਦੀ ਹੋਲੀ ਸ਼ੁਰੂ ਹੋ ਜਾਂਦੀ ਹੈ। ਧਰਤੀ ਦਾ ਕਣ-ਕਣ ਹੋਲੀਮਏ ਹੋ ਜਾਂਦਾ ਹੈ।

ਸ੍ਰੀ ਕ੍ਰਿਸ਼ਨ ਦੀ ਲੀਲਾ ਸਬਲੀ ਬਰਜ ਦੀ ਹੋਲੀ ਦਾ ਨਜ਼ਾਰਾ ਹੀ ਕੁਝ ਹੋਰ ਹੁੰਦਾ ਹੈ। ਬਰਜ ਦੇ ਵਰਸਾਨਾ ਮੰਥੁਰਾ, ਵ੍ਰਿੰਦਾਵਨ ਅਤੇ ਨੰਦਗਾਵ ਦੀ ਹੋਲੀ ਦੀ ਪ੍ਰਸਿੱਦਤਾ ਹਾਸ-ਵਿਲਾਸ, ਸ਼੍ਰੀ ਕ੍ਰਿਸ਼ਨ, ਰਾਧਾ ਦੀ ਰਾਸ ਲੀਲਾ ਅਤੇ ਨਾਚ-ਭੰਗੜੇ ਭਜਨ-ਸੰਗੀਤ, ਹੱਸੀ-ਠੇਠਲੀਆਂ, ਖੁਸ਼ੀਆਤਮਿਕ ਸ਼ੋਰ-ਸ਼ਰਾਬਾ ਅਤੇ ਮਨੋਰੰਜਨ ਦਾ ਇਕ ਵੱਖਰਾ ਨੂਰ ਝਲਕਦਾ ਹੈ।

ਅਗਰ ਜ਼ਿੰਦਗੀ ਵਿਚ, ਕੁਦਰਤ ਵਿਚ ਸੁੰਦਰ ਰੰਗਾਂ ਦੀ ਹੋਂਦ ਨਾ ਹੁੰਦੀ ਤਾਂ ਸ਼ਾਇਦ ਸਾਰੀ ਦੁਲੀਆਂ, ਸਾਰੀ ਜ਼ਿੰਦਗੀ ਨਿਰਰਥਕ ਹੁੰਦੀ। ਵੱਖ-ਵੱਖ ਰੰਗਾਂ ਦੀ ਦਿਲਕਸ਼ ਦਿੱਖ ਵੀ ਪ੍ਰਾਣੀਆਂ ਦੇ ਦਿਲ-ਦਿਮਾਗ ਅਤੇ ਜਿਸਮ ਦੇ ਉਪਰ ਗਹਿਰਾ ਪ੍ਰਭਾਵ ਛੱਡਦੇ ਹਨ। ਰੰਗ ਨਾ ਹੁੰਦੇ ਤਾਂ ਜੀਵਨ ਵਿਚ ਮਿਠਾਸ ਨਾ ਹੁੰਦੀ, ਜੀਵਨ ਫਿੱਕਾ-ਫਿੱਕਾ ਹੁੰਦਾ। ਰੰਗਾਂ ਵਿਚ ਮੋਹ-ਪਿਆਰ ਹੁੰਦਾ ਹੈ। ਰੰਗਾਂ ਵਿਚ ਭਗਵਾਨ ਵੱਸਦੇ ਹਨ। ਰੰਗਾਂ ਵਿਚ ਹੀ ਅਲੌਕਿਕਤਾ ਹੈ। ਰੰਗ ਹੀ ਸੁੰਦਰਤਾ ਦੇ ਅਰਥ ਦੱਸਦੇ ਹੋਏ ਜੰਨਤ ਦੇ ਰਸਤੇ ਖੋਲ੍ਹਦੇ ਹਨ। ਸੁੰਦਰ ਦ੍ਰਿਸ਼ ਹੀ ਜੰਨਤ ਦੇ ਪਰਾਏਵਾਚੀ ਹਨ। ਰੰਗਾਂ ਦਾ ਪ੍ਰਭਾਵ ਜ਼ਿੰਦਗੀ ਦੇ ਹਰ ਇਕ ਕਾਰਜ ਉਪਰ ਪੈਂਦਾ ਹੈ। ਜਿਸ ਦੇ ਨਤੀਜੇ ਪ੍ਰਭਾਵ ਪੂਰਵਕ ਹੁੰਦੇ ਹਨ। ਰੰਗਾਂ ਦੀ ਸੁੰਦਰਤਾ ਹੀ ਕੁਦਰਤ ਦਾ ਨਾਂਅ ਹੈ। ਰੰਗਾਂ ਦੇ ਸਮੂਹ ਨੂੰ ਹੀ ਕੁਦਰਤ ਕਿਹਾ ਜਾਂਦਾ ਹੈ। ਅੱਖਾਂ ਵਿਚ ਉਭਰਦੇ ਰੰਗਾਂ ਦੇ ਪ੍ਰਤੀਬਿੰਬ ਦਿਮਾਗ, ਹਿਰਦੇ ਨੂੰ ਤਾਜ਼ਗੀ ਅਤੇ ਸ਼ਾਂਤੀ ਬਖ਼ਸ਼ਦੇ ਹਨ। ਰੰਗ ਤਾਂ ਕਰੂਪ ਨੂੰ ਵੀ ਸਰੂਪ ਬਣਾ ਦਿੰਦੇ ਹਨ। ਦੁਨੀਆਂ ਵਿਚ ਜਿੰਨੀਆਂ ਵੀ ਖ਼ੂਬਸੂਰਤ ਚੀਜ਼ਾਂ ਹਨ ਸਭ ਰੰਗਾਂ ਦੀ ਬਦੌਲਤ ਹੀ ਤਾਂ ਹਨ। ਰੰਗਾਂ ਵਿਚ ਹੀ ਸਾਰਾ ਸੰਸਾਰ ਸੁੰਦਰ ਲਗਦਾ ਹੈ। ਸੁਹਣਾ ਲਗਦਾ ਹੈ। ਚਾਹੇ ਰੰਗ ਸੰਜੀਵ ਹਨ ਜਾਂ ਨਿਰਜੀਵ। ਰੰਗ ਆਕਰਸ਼ਣ ਪੈਦਾ ਕਰਦੇ ਹਨ। ਰੰਗ ਪਿਆਰ-ਮੁਹੱਬਤ ਉਤਪਨ ਕਰਦੇ ਹਨ। ਰੰਗ ਮਿਲਾਪ-ਮੇਲ ਵਧਾਉਂਦੇ ਹਨ। ਹਰ ਇਕ ਦੇਸ਼ ਰੰਗਾਂ ਦੀ ਪਹਿਚਾਣ ਨਾਲ ਹੀ ਜਾਣਿਆ ਜਾਂਦਾ ਹੈ। ਰੰਗ ਦੇਸ਼ ਦੀ ਅਗਵਾਈ ਕਰਦੇ ਹਨ। ਰੰਗ ਨਾ ਹੁੰਦੇ ਤਾਂ ਜ਼ਿੰਦਗੀ ਦੇ ਢੰਗ ਵੀ ਨਾ ਹੁੰਦੇ। ਹਿਰਦੇ-ਮਸਤਕ ਨੂੰ ਰੰਗ ਹੀ ਜਚਦੇ ਹਨ ਜਿਸ ਦੇ ਕਾਰਨ ਮਨੁੱਖ ਆਪਣੀ ਅੰਦਰੂਨੀ-ਬਾਹਰੀ ਸ਼ਕਤੀ ਨੂੰ ਤੋਲਦਾ ਹੈ। ਰੰਗਾਂ ਕਰਕੇ ਹੀ 'ਤੂੰ ਅਤੇ ਮੈਂ' ਦੀ ਹੋਂਦ ਹੈ। ਰੰਗਾਂ ਕਰਕੇ ਹੀ ਪਿਆਰ ਪਨਪਦਾ ਹੈ। ਰੰਗਾਂ ਕਰਕੇ ਹੀ ਉਪਲਭਦੀਆਂ, ਉਪਾਧੀਆਂ, ਆਦੀਆ-ਵਾਦੀਆਂ ਹਨ।

ਹੋਲੀ ਦੇ ਤਿਉਹਾਰ ਨਾਲ ਅਨੇਕ ਹੀ ਇਤਿਹਾਸਕ, ਮਿਥਿਹਾਸਿਕ, ਵਿਸ਼ਵਾਸ ਮੱਤ, ਪ੍ਰੇਰਕ ਪ੍ਰਸੰਗ, ਦੰਦ ਕਥਾਵਾਂ ਜੁੜੀਆਂ ਹੋਈਆਂ ਹਨ। ਵਿਸ਼ਵਾਸ਼ ਮੌਤ ਹੈ ਕਿ ਇਕ ਸਮੇਂ ਦੀ ਗੱਲ ਹੈ ਕਿ ਭਾਰਤ ਵਰਸ਼ ਵਿਚ ਇਕ ਵਿਰਯੋਕਸ਼ਿਪੂ ਨਾਮ ਦਾ ਰਾਕਸ਼ ਰਾਜ ਕਰਦਾ ਸੀ। ਉਸ ਦਾ ਹਿਕ ਪੁੱਤਰ ਪ੍ਰਹਿਲਾਦ ਸੀ ਜੋ ਭਗਵਾਨ ਵਿਚ ਅਥਹ ਵਿਸ਼ਵਾਸ਼ ਰੱਖਦਾ ਸੀ। ਉਸਦਾ ਪਿਤਾ ਭਗਵਾਨ ਨੂੰ ਨਹੀਂ ਸੀ ਮੰਨਦਾ। ਉਹ ਆਪਣੇ ਆਪ ਨੂੰ ਖ਼ੁਦ ਹੀ ਭਗਵਾਨ ਸਮਝਦਾ ਸੀ। ਉਹ ਆਪਣੇ ਰਾਜ ਵਿਚ ਭਗਵਾਨ ਦਾ ਨਾਮ ਨਹੀਂ, ਕੇਵਲ ਆਪਣਾ ਹੀ ਨਾਮ ਜੱਪਣ ਨੂੰ ਕਹਿੰਦਾ। ਪਰ ਪ੍ਰਹਿਲਾਦ ਭਗਵਾਨ ਵਿਚ ਵਿਸ਼ਵਾਸ ਰੱਖਦਾ ਸੀ। ਉਹ ਦਿਨ ਰਾਤ ਭਗਵਾਨ ਦੀ ਪੂਜਾ ਕਰਦਾ ਸੀ ਪਰ ਉਸ ਦੇ ਪਾਪੀ ਪਿਤਾ ਨੂੰ ਇਹ ਸਭ ਕੁਝ ਚੰਗਾ ਨਹੀਂ ਸੀ ਲਗਦਾ। ਉਹ ਪ੍ਰਹਿਲਾਦ ਨੂੰ ਭਗਵਾਨ ਦਾ ਨਾਮ ਜੱਪਣ ਤੋਂ ਰੋਕਦਾ ਸੀ ਪਰ ਪ੍ਰਹਿਲਾਦ ਟੱਸ ਤੋਂ ਮੱਸ ਨਾ ਹੋਇਆ ਤਾਂ ਉਸ ਨੇ ਪ੍ਰਹਿਲਾਦ ਉਪਰ ਕਈ ਅੱਤਿਆਚਾਰ ਕੀਤੇ। ਜਾਨੋਂ ਮਾਰਨ ਦੀ ਵੀ ਕੋਸ਼ਿਸ ਕੀਤੀ ਪਰ ਪ੍ਰਹਿਲਾਦ ਦਾ ਵਾਲ ਵਿੰਗਾ ਨਾ ਹੋਇਆ। ਅੰਤ ਵਿਚ ਉਸਦਾ ਪਿਤਾ ਬੋਲਿਆ ਕਿ ਮੇਰੀ ਭੈਣ ਹੋਲੀਕਾ ਨੂੰ ਬੁਲਾਓ ਅਤੇ ਉਸ ਨੂੰ ਕਵੋ ਕਿ ਪ੍ਰਹਿਲਾਦ ਨੂੰ ਅੱਗ ਵਿਚ ਲੈ ਕੇ ਬੈਠ ਜਾਵੇ, ਜਿਸ ਨਾਲ ਪ੍ਰਹਿਲਾਦ ਤਾਂ ਸੜ ਕੇ ਮਰ ਜਾਵੇਗਾ ਅਤੇ ਹੋਲੀਕਾ ਦਾ ਅੱਗ ਵੀ ਕੁਝ ਨਹੀਂ ਵਿਗਾੜ ਸਕਦੀ ਕਿਉਂਕਿ ਹੋਲੀਕਾ ਨੂੰ ਇਹ ਵਰਦਾਨ ਸੀ ਕਿ ਉਸ ਨੂੰ ਅੱਗ ਨਹੀਂ ਸਾੜ ਸਕਦੀ। ਆਖ਼ਿਰ ਹੋਲੀਕਾ ਨੂੰ ਬੁਲਾਇਆ ਗਿਆ। ਉਸਨੇ ਆਪਣੇ ਭਰਾ ਦੀ ਗੱਲ ਮੰਨੀ ਅਤੇ ਅੱਗ ਦੇ ਭਾਂਬੜ ਵਿਚ ਉਹ ਪ੍ਰਹਿਲਾਦ ਲੈ ਕੇ ਬੈਠ ਗਈ। ਪ੍ਰਹਿਲਾਦ ਨੂੰ ਕੁਝ ਨਾ ਹੋਇਆ। ਉਹ ਜੀਵਿਤ ਰਿਹਾ। ਉਸ ਦਿਨ ਤੋਂ ਇਹ ਹੋਲੀਕਾ ਜਲਾਈ (ਸਾੜੀ) ਜਾਂਦੀ ਹੈ। ਭਗਵਾਨ ਆਪਣੇ ਭਗਤਾਂ ਦੀ ਹਰ ਹਾਲ ਰੱਖਿਆ ਕਰਦਾ ਹੈ ਭਾਵ ਕਿ ਸੱਚਾਈ ਅਤੇ ਨਿਮਰਤਾ ਦੀ ਹੀ ਜਿੱਤ ਹੁੰਦੀ ਹੈ।

ਹੋਲੀ ਦੇ ਦਿਨ ਢੋਲ, ਨਗਾਰੇ, ਨਾਚ, ਗਿੱਧੇ, ਭੰਗੜੇ ਪਾਏ ਜਾਂਦੇ ਹਨ। ਇਸ ਦਿਨ ਦੁਸ਼ਮਣ ਵੀ ਮਿੱਤਰ ਬਣੇ ਜਾਂਦੇ ਹਨ। ਰੰਗਾ ਦੀ ਬਰਸਾਤ ਹੁੰਦੀ ਹੈ। ਖੁਸ਼ੀ ਪੱਬਾਂ ਭਾਰ ਹੋ ਕੇ ਨੱਚਦੀ ਹੈ। ਇਸ ਦਿਨ ਪੂਜਾ ਅਰਚਨਾ ਦੇ ਬਾਅਦ ਜਲ, ਰੋਲੀ (ਹਲਦੀ ਚੂਨੇ ਨਾਲ ਬਣੀ ਹੋਈ ਲਾਲ ਰੰਗ ਦੀ ਬੁਕਤੀ ਜਿਸ ਦਾ ਤਿਲਕ ਲਗਾਇਆ ਜਾਂਦਾ ਹੈ) ਮੋਲੀ, ਚੌਲ, ਫੁੱਲ, ਪ੍ਰਸ਼ਾਦ, ਗੁਲਾਲ, ਚੰਦਨ, ਨਾਰੀਅਲ ਆਦਿ ਚੜਾਏ ਜਾਂਦੇ ਹਨ। ਥਾਲ ਵਿਚ ਰੱਖੇ ਦੀਵਿਆਂ ਨਾਲ ਆਰਤੀ ਕਰਕੇ ਡੰਡੌਤ ਕਰਨਾ ਸ਼ੁੱਭ ਮੰਨਿਆਂ ਜਾਂਦਾ ਹੈ ਤਾਂ ਕਿ ਮਨੁੱਖ ਵਿਚ ਨਿਮਰਤਾ ਬਣੀ ਰਹੇ। ਫਿਰ ਸਭ ਦੇ ਰੋਲੀ ਨਾਲ ਤਿਲਕ ਲਗਾਇਆ ਜਾਂਦਾ ਹੈ। ਵੱਖ-ਵੱਖ ਢੰਗਾਂ-ਮਰਿਆਦਾ ਨਾਲ ਹੋਲੀ ਦੀ ਪੂਜਾ ਕੀਤੀ ਜਾਂਦੀ ਹੈ। ਹੋਲੀ ਵਿਚ ਅੱਗ ਲਗਾਉਂਦੇ ਹੀ ਉਸ ਡੰਡੇ ਜਾਂ ਲੱਕੜੀ ਨੂੰ ਬਾਹਰ ਕੱਢ ਲਿਆ ਜਾਂਦਾ ਹੈ। ਉਸ ਲੱਕੜੀ ਨੂੰ ਭਗਤ ਪ੍ਰਹਿਲਾਦ ਮੰਨਿਆ ਜਾਂਦਾ ਹੈ।

ਖਿਡੌਣੇ ਰੂਪ ਪਿਚਕਾਰੀਆਂ, ਬਾਲਟੀਆਂ ਆਦਿ ਨਾਲ ਰੰਗਾਂ ਦਾ ਸੰਵਾਦ, ਅਦਾਨ-ਪ੍ਰਦਾਨ ਹੁੰਦਾ ਹੈ। ਇਕ ਮੁਕੰਮਲ ਮਜ਼ਾ। ਖੁਸ਼ੀ ਦੀ ਅਭਿਵਿਅਕਤੀ ਇਸ ਦਿਨ ਵਧੀਆ ਪਕਵਾਨ, ਮਿਸ਼ਠਾਣ, ਭੋਜਨ, ਨਮਕੀਨ, ਫਲ ਆਦਿ ਦਾ ਸੇਵਨ ਕੀਤਾ ਜਾਂਦਾ ਹੈ। ਮਹਿਮਾਨ ਨਿਵਾਜ਼ੀ ਅਤੇ ਜਜਮਾਨੀ ਦੇ ਆਦਰਸ਼ਕ ਤੌਰ ਤਰੀਕੇ ਅਪਣਾਏ ਜਾਂਦੇ ਹਨ।

ਹੋਲੀ ਦਾ ਤਿਉਹਾਰ ਸ੍ਰੀ ਆਨੰਦਪੁਰ ਸਾਹਿਬ (ਪੰਜਾਬ) ਵਿਚ ਵੀ ਧੂਮ-ਧਾਮ ਅਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਖੇਡ-ਕਿਰਿਆਵਾਂ, ਘੌੜ ਕਿਰਆਵਾਂ ਅਤੇ ਭਾਰੀ ਮੇਲਾ ਲਗਦਾ ਹੈ। ਲੱਖਾਂ ਦੀ ਤਾਦਾਦ ਵਿਚ ਸ਼ਰਧਾਲੂ ਪਹੁੰਚਦੇ ਹਨ। ਕਈ ਰਾਜਨੀਤਿਕ, ਧਾਰਮਿਕ ਪਾਰਟੀਆਂ ਦੇ ਮੰਚ ਵੀ ਲਗਦੇ ਹਨ। ਕਥਾ, ਕੀਰਤਨ, ਸ਼ਬਦ ਗਾਇਨ, ਢਾਡੀ ਜਥੇ ਵਿਖਿਆਨ ਅਤੇ ਭਾਸ਼ਣ ਹੁੰਦੇ ਹਨ। ਸਾਰਾ ਆਨੰਦਪੁਰ ਸਾਹਿਬ ਹੋਲੀ ਦੇ ਰੰਗ ਵਿਚ ਰੰਗਿਆ ਜਾਂਦਾ ਹੈ। ਖ਼ਾਲਸੇ ਦਾ ਜਲੌਂ ਅਲੌਕਿਕ ਅਤੇ ਲੌਕਿਕ ਰੂਪ ਵੇਖਣ ਨੂੰ ਮਿਲਦਾ ਹੈ। ਲੱਖਾਂ ਰੰਗ ਬਿਰੰਗੀਆਂ ਪਗੜੀਆਂ ਹੋਲੀ ਦੇ ਰੰਗ ਵਿਚ ਰੰਗ ਕੇ ਸੁੰਦਰਤਾ ਦੇ ਦ੍ਰਿਸ਼ ਬਿਖੇਰਦੀਆਂ ਹਨ।

ਫਿਰ ਵੀ ਇਸ ਦਿਨ ਕੁਝ ਲੋਕ ਨਸ਼ਾ ਕਰਦੇ ਹਨ, ਜੂਆ ਖੇਡਦੇ ਹਨ, ਜੋ ਬੁਰੀ ਗੱਲ ਹੈ। ਸਮਾਜ ਨੂੰ ਗਲਤ ਦਿਸ਼ਾ ਮਿਲਦੀ ਹੈ। ਫਿਰ ਵੀ ਹੋਲੀ ਦਾ ਤਿਉਹਾਰ ਰੰਗਾਂ ਦੇ ਜ਼ਰੀਏ ਮਾਨਵਤਾ ਦਾ ਸੰਦੇਸ਼ ਦਿੰਦਾ ਰਵੇਗਾ।

## "ਹੌਲੀ ਦੇ ਲਾਲ ਰੰਗ ਜਿਸ ਕੋ ਲਗਾ ਤਿਸ ਕੇ ਵਡਭਾਗਾ"


ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ





ਹੌਲੀ ਦਾ ਤਿਉਹਾਰ ਸਾਡੇ ਦੇਸ਼ ਵਿੱਚ ਬਹੁਤ ਹੀ ਮਹੱਤਵਪੂਰਨ ਹੈ। ਇਹ ਤਿਉਹਾਰ ਰੰਗਾਂ ਦਾ ਤਿਉਹਾਰ ਹੈ, ਜਿਸ ਵਿੱਚ ਲੋਕ ਇੱਕ ਦੂਜੇ ਨੂੰ ਰੰਗ ਲਗਾਉਂਦੇ ਹਨ ਅਤੇ ਖੁਸ਼ੀਆਂ ਮਨਾਉਂਦੇ ਹਨ। ਪਰ ਕੀ ਤੁਹੇ ਪਤਾ ਹੈ ਕਿ ਹੌਲੀ ਦੇ ਲਾਲ ਰੰਗ ਦਾ ਕੀ ਮਹੱਤਵ ਹੈ?

ਲਾਲ ਰੰਗ ਹੌਲੀ ਦਾ ਪ੍ਰਤੀਕ ਹੈ, ਜੋ ਕਿ ਜੀਵਨ ਦੀ ਖੁਸ਼ੀ ਅਤੇ ਸ਼ਕਤੀ ਦਾ ਪ੍ਰਤੀਕ ਹੈ। ਜਦੋਂ ਕੋਈ ਵਿਅਕਤੀ ਹੌਲੀ ਦੇ ਲਾਲ ਰੰਗ ਨਾਲ ਲਗਦਾ ਹੈ, ਤਾਂ ਇਹ ਉਸ ਦੀ ਖੁਸ਼ੀ ਅਤੇ ਸਫਲਤਾ ਦਾ ਪ੍ਰਤੀਕ ਹੈ।

ਇਸ ਲਈ ਕਿਹਾ ਜਾਂਦਾ ਹੈ ਕਿ "ਹੌਲੀ ਦੇ ਲਾਲ ਰੰਗ ਜਿਸ ਕੋ ਲਗਾ ਤਿਸ ਕੇ ਵਡਭਾਗਾ", ਜਿਸ ਦਾ ਮਤਲਬ ਹੈ ਕਿ ਜਿਸ ਵਿਅਕਤੀ ਨੂੰ ਹੌਲੀ ਦੇ ਲਾਲ ਰੰਗ ਨਾਲ ਲਗਦਾ ਹੈ, ਉਸ ਦੇ ਵੱਡੇ ਭਾਗ ਹਨ।

ਉਦਾਹਰਣ ਦੇ ਤੌਰ ਤੇ, ਇੱਕ ਵਿਅਕਤੀ ਜੋ ਹੌਲੀ ਦੇ ਲਾਲ ਰੰਗ ਨਾਲ ਲਗਦਾ ਹੈ, ਉਸ ਨੂੰ ਆਪਣੇ ਜੀਵਨ ਵਿੱਚ ਸਫਲਤਾ ਅਤੇ ਖੁਸ਼ੀ ਪ੍ਰਾਪਤ ਹੋ ਸਕਦੀ ਹੈ। ਉਹ ਆਪਣੇ ਕੰਮ ਵਿੱਚ ਸਫਲ ਹੋ ਸਕਦਾ ਹੈ, ਉਸ ਦੇ ਰਿਸ਼ਤੇ ਮਜ਼ਬੂਤ ਹੋ ਸਕਦੇ ਹਨ, ਅਤੇ ਉਹ ਆਪਣੇ ਜੀਵਨ ਨੂੰ ਖੁਸ਼ਹਾਲ ਬਣਾ ਸਕਦਾ ਹੈ।

ਇਸ ਲਈ, ਹੌਲੀ ਦੇ ਲਾਲ ਰੰਗ ਦਾ ਮਹੱਤਵ ਸਾਡੇ ਜੀਵਨ ਵਿੱਚ ਬਹੁਤ ਹੀ ਮਹੱਤਵਪੂਰਨ ਹੈ। ਇਹ ਸਾਨੂੰ ਖੁਸ਼ੀ ਅਤੇ ਸਫਲਤਾ ਦਾ ਪ੍ਰਤੀਕ ਹੈ, ਅਤੇ ਸਾਨੂੰ ਆਪਣੇ ਜੀਵਨ ਨੂੰ ਖੁਸ਼ਹਾਲ ਬਣਾਉਣ ਲਈ ਪ੍ਰੇਰਿਤ ਕਰਦਾ ਹੈ।

ਕੀ ਤੁਹੇ ਲਗਦਾ ਹੈ ਕਿ ਹੌਲੀ ਦੇ ਲਾਲ ਰੰਗ ਦਾ ਮਹੱਤਵ ਸਾਡੇ ਜੀਵਨ ਵਿੱਚ ਬਹੁਤ ਹੀ ਮਹੱਤਵਪੂਰਨ ਹੈ?

## ਹੋਲੀ ਦਾ ਤਿਉਹਾਰ



ਰੰਗ-ਬਿਰੰਗਾ ਆ ਗਿਆ ਫਿਰ ਤੋਂ,
ਹੋਲੀ ਦਾ ਤਿਉਹਾਰ।
ਹਰ ਪਾਸੇ ਛਾਈ ਹੈ ਮਸਤੀ,
ਰੰਗਾਂ ਦੀ ਬੌਛਾਰ।

ਨੀਲੇ, ਪੀਲੇ, ਲਾਲ, ਗੁਲਾਬੀ,
ਮੂੰਹ-ਸਿਰ ਸਭ ਦੇ ਰੰਗੇ।
ਆਵੇ ਨਾ ਪਹਿਚਾਣ ਕਿਸੇ ਦੀ,
ਕੱਲ੍ਹ ਤੱਕ ਜੋ ਸਨ ਚੰਗੇ।
ਰੰਗਾਂ ਨਾਲ ਹੀ ਭਰੇ ਪਏ ਨੇ,
ਸਾਰੇ ਗਲੀ-ਬਾਜ਼ਾਰ।

ਛੱਡੀਏ ਸਾੜਾ, ਨਫ਼ਰਤ, ਦੂਰੀ,
ਮਨ ਚੋਂ ਮੈਲ ਮਿਟਾਈਏ।
ਪਾਈਏ ਘੁੱਟ ਗਲਵੱਕੜੀ ਸਭ ਨੂੰ,
ਨਾਲ ਗਲੇ ਦੇ ਲਾਈਏ।
ਪਿਆਰ, ਮੁਹੱਬਤ ਤੇ ਖੁਸ਼ੀਆਂ ਵਿੱਚ,
ਰੰਗਿਆ ਹੈ ਸੰਸਾਰ।

ਦੂਰ ਪਰੇ ਇੱਕ ਟੋਲੀ ਨਿਕਲੀ,
ਕਰਕੇ ਖ਼ੂਬ ਤਿਆਰੀ।
ਕਿਸੇ ਕੋਲ ਨੇ ਭਰੇ ਗੁਬਾਰੇ,
ਕਿਸੇ ਕੋਲ ਪਿਚਕਾਰੀ।
ਵੱਡੇ-ਛੋਟੇ ਰਲ ਮਸਤੀ ਵਿੱਚ,
ਕਰਦੇ ਜੈ-ਜੈਕਾਰ।

ਸਭ ਧਰਮਾਂ, ਵਰਗਾਂ ਦੇ ਲੋਕੀਂ,
ਮਿਲ ਕੇ ਗੀਤ ਨੇ ਗਾਉਂਦੇ।
ਕੁਝ ਸੁੱਕੇ, ਕੁਝ ਗਿੱਲੇ ਰੰਗਾਂ ਨੂੰ,
ਇੱਕ-ਦੂਜੇ ਤੇ ਪਾਉਂਦੇ।
'ਨਵ ਸੰਗੀਤ' ਦਾ ਫਿੱਕਾ ਜੀਵਨ ਵੀ,
ਬਣਿਆ ਹੈ ਗੁਲਜ਼ਾਰ।



ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ


## ਮਿੱਟੀ ਦੀ ਮਹਿਕ ਤੇ ਮਨ ਦੀ ਰੌਸ਼ਨੀ


ਵਰਲਡ ਪੰਜਾਬੀ ਟਾਈਮਜ਼
ਰਵਨਜੋਤ ਕੌਰ ਸਿੱਧੂ 'ਰਾਵੀ'


ਅਜੇ ਪਹੁ-ਫੁੱਟਾਲਾ ਹੋ ਰਿਹਾ ਸੀ। ਪਿੰਡ 'ਸਰਘੀ' ਦੀਆਂ ਗਲੀਆਂ ਵਿੱਚ ਅਜੇ ਚੁੱਪ ਪਸਰੀ ਹੋਈ ਸੀ, ਪਰ ਕੁਦਰਤ ਆਪਣਾ ਰਾਗ ਛੇੜ ਚੁੱਕੀ ਸੀ। ਅੰਮ੍ਰਿਤ ਵੇਲੇ ਦੀ ਠੰਢੀ ਹਵਾ ਸਰੋਂ ਦੇ ਪੀਲੇ ਫੁੱਲਾਂ ਨੂੰ ਚੁੰਮ ਕੇ ਗੁਜ਼ਰ ਰਹੀ ਸੀ, ਜਿਸ ਨਾਲ ਪੂਰੀ ਫਿਜ਼ਾ ਵਿੱਚ ਇੱਕ ਅਜੀਬ ਜਿਹੀ ਮਿੱਠੀ ਮਹਿਕ ਘੁਲੀ ਹੋਈ ਸੀ। ਟਾਹਲੀਆਂ 'ਤੇ ਬੈਠੇ ਪੰਛੀਆਂ ਨੇ ਆਪਣਾ ਕੋਰਸ ਸ਼ੁਰੂ ਕਰ ਦਿੱਤਾ ਸੀ। ਖੇਤਾਂ ਵਿੱਚ ਖੜ੍ਹੀ ਕਣਕ ਦੀਆਂ ਬੱਲੀਆਂ 'ਤੇ ਤਰੇਲ ਦੀਆਂ ਬੂੰਦਾਂ ਇੰਝ ਚਮਕ ਰਹੀਆਂ ਸਨ ਜਿਵੇਂ ਕੁਦਰਤ ਨੇ ਰਾਤੋ-ਰਾਤ ਮੋਤੀ ਬੀਜ ਦਿੱਤੇ ਹੋਣ।

ਪਿੰਡ ਦੇ ਬਾਹਰਵਾਰ, ਜਿੱਥੇ ਨਹਿਰ ਦੀ ਇੱਕ ਪਤਲੀ ਜਿਹੀ ਸੂਈ ਵਗਦੀ ਸੀ, ਉੱਥੇ ਇੱਕ ਪੁਰਾਣਾ ਪਰ ਬੇਹੱਦ ਸਾਫ਼-ਸੁਥਰਾ ਕੱਚਾ ਘਰ ਸੀ। ਇਹ ਘਰ ਸੀ ਜਸਵੀਰ ਕੌਰ ਦਾ। ਜਸਵੀਰ, ਜਿਸ ਨੂੰ ਪਿੰਡ ਵਾਲੇ 'ਬੀਬੀ ਜਸ' ਕਹਿੰਦੇ ਸਨ, ਅੱਜ ਮਹਿਲਾ ਦਿਵਸ ਦੀ ਸਵੇਰ ਨੂੰ ਆਪਣੇ ਵਿਹੜੇ ਵਿੱਚ ਲੱਗੇ ਨਿੰਮ ਦੇ ਹੇਠਾਂ ਬੈਠੀ ਦੁੱਧ ਰਿੜਕ ਰਹੀ ਸੀ। ਮਧਾਣੀ ਦੀ 'ਘੁੰਮ-ਘੁੰਮ' ਦੀ ਆਵਾਜ਼ ਨਹਿਰ ਦੇ ਪਾਣੀ ਦੀ ਕਲ-ਕਲ ਨਾਲ ਮਿਲ ਕੇ ਇੱਕ ਅਜੀਬ ਸੰਗੀਤ ਪੈਦਾ ਕਰ ਰਹੀ ਸੀ।
ਜਸਵੀਰ ਦੀ ਉਮਰ ਕੋਈ ਪੰਜਾਹ ਦੇ ਕਰੀਬ ਸੀ, ਪਰ ਉਸ ਦੇ ਚਿਹਰੇ ਦੀਆਂ ਝੁਰੜੀਆਂ ਵਿੱਚੋਂ ਤਜ਼ਰਬੇ ਦੀ ਇੱਕ ਡੂੰਘੀ ਚਮਕ ਝਲਕਦੀ ਸੀ। ਉਹ ਹਮੇਸ਼ਾ ਕਹਿੰਦੀ, "ਔਰਤ ਮਿੱਟੀ ਵਰਗੀ ਹੁੰਦੀ ਹੈ—ਜਿੰਨਾ ਮਰਜ਼ੀ ਗੋਡ ਲਵੋ, ਉਸ ਨੇ ਫ਼ਸਲ ਹੀ ਦੇਣੀ ਹੈ।"






ਪੰਦਰਾਂ ਸਾਲ ਪਹਿਲਾਂ, ਜਸਵੀਰ ਦੀ ਜ਼ਿੰਦਗੀ ਵਿੱਚ ਅਜਿਹਾ ਪੱਤਝੜ ਆਇਆ ਕਿ ਸਭ ਕੁਝ ਸੁੱਕ ਗਿਆ। ਉਸ ਦਾ ਪਤੀ ਨਸ਼ਿਆਂ ਦੀ ਭੇਟ ਚੜ੍ਹ ਗਿਆ ਅਤੇ ਪਿੱਛੇ ਛੱਡ ਗਿਆ ਕਰਜ਼ੇ ਦੀਆਂ ਪੰਡਾਂ ਅਤੇ ਦੋ ਛੋਟੀਆਂ ਧੀਆਂ। ਪਿੰਡ ਦੇ ਪੰਚਾਂ-ਸਰਪੰਚਾਂ ਨੇ ਸਲਾਹ ਦਿੱਤੀ ਸੀ, "ਜਸਵੀਰ, ਜ਼ਮੀਨ ਵੇਚ ਦੇ, ਕਿਸੇ ਸ਼ਹਿਰ ਜਾ ਕੇ ਮਜ਼ਦੂਰੀ ਕਰ ਲੈ, ਔਰਤ ਤੋਂ ਖੇਤੀ ਨਹੀਂ ਹੁੰਦੀ।"

ਪਰ ਜਸਵੀਰ ਨੇ ਉਸ ਦਿਨ ਨਹਿਰ ਦੇ ਕਿਨਾਰੇ ਖੜ੍ਹੇ ਹੋ ਕੇ ਇੱਕ ਸਹੁੰ ਖਾਧੀ ਸੀ। ਉਸ ਨੇ ਪਾਣੀ ਦੀ ਲਹਿਰ ਵੱਲ ਦੇਖਿਆ ਜੋ ਰਸਤੇ ਦੇ ਪੱਥਰਾਂ ਨੂੰ ਚੀਰ ਕੇ ਅੱਗੇ ਵਧ ਰਹੀ ਸੀ। ਉਸ ਨੇ ਸੋਚਿਆ, "ਜੇ ਇਹ ਪਾਣੀ ਰਸਤਾ ਬਣਾ ਸਕਦਾ ਹੈ, ਤਾਂ ਮੈਂ ਕਿਉਂ ਨਹੀਂ?" ਉਸ ਦੀ ਜ਼ਮੀਨ ਦਾ ਇੱਕ ਵੱਡਾ ਹਿੱਸਾ 'ਕੱਲਰ' ਸੀ। ਲੋਕ ਕਹਿੰਦੇ ਸਨ ਉੱਥੇ ਘਾਹ ਵੀ ਨਹੀਂ ਉੱਗੇਗਾ। ਪਰ ਜਸਵੀਰ ਨੇ ਉਸ ਬੰਜਰ ਨਾਲ ਗੱਲਾਂ ਕਰਨੀਆਂ ਸ਼ੁਰੂ ਕੀਤੀਆਂ। ਉਹ ਰੋਜ਼ ਸਵੇਰੇ ਉੱਠਦੀ, ਬਲਦਾਂ ਦੀ ਥਾਂ ਖੁਦ ਹੱਥੀਂ ਕਹੀ ਚਲਾਉਂਦੀ। ਉਸ ਦੇ ਪੈਰਾਂ ਦੀਆਂ ਬਿਆਈਆਂ ਵਿੱਚੋਂ ਖੂਨ ਰਿਸਦਾ, ਪਰ ਉਸ ਦੀਆਂ ਅੱਖਾਂ ਵਿੱਚ ਆਪਣੀਆਂ ਧੀਆਂ ਦੇ ਸੁਪਨੇ ਪਲ ਰਹੇ ਸਨ।

ਉਸ ਨੇ ਰਸਾਇਣਕ ਖਾਦਾਂ ਦੀ ਥਾਂ ਕੁਦਰਤੀ ਖੇਤੀ ਨੂੰ ਚੁਣਿਆ। ਉਸ ਨੇ ਪਿੰਡ ਦੀਆਂ ਹੋਰ ਜ਼ਰੂਰਤਮੰਦ ਔਰਤਾਂ ਨੂੰ ਇਕੱਠਾ ਕੀਤਾ। ਉਹ ਰਾਤਾਂ ਨੂੰ ਦੀਵੇ ਦੀ ਲੋਅ ਵਿੱਚ ਬੈਠ ਕੇ ਉਨ੍ਹਾਂ ਨੂੰ ਪੜ੍ਹਾਉਂਦੀ ਅਤੇ ਦਿਨ ਵੇਲੇ ਖੇਤਾਂ ਵਿੱਚ ਮਿਹਨਤ ਕਰਦੀ। ਕੁਦਰਤ ਵੀ ਉਸ ਦੀ ਮਿਹਨਤ ਦੇਖ ਕੇ ਪਿਘਲ ਗਈ। ਜੋ ਜ਼ਮੀਨ ਕਦੇ ਰੜੇ ਮੈਦਾਨ ਵਰਗੀ ਸੀ, ਅੱਜ ਉੱਥੇ ਬਾਗ਼ ਲਹਿਰਾ ਰਹੇ ਸਨ।

ਅੱਜ ਦੇ ਦਿਨ ਪਿੰਡ ਦੇ ਸਕੂਲ ਵਿੱਚ ਇੱਕ ਬਹੁਤ ਵੱਡਾ ਸਮਾਗਮ ਸੀ। ਸ਼ਹਿਰੋਂ ਵੱਡੇ ਅਫ਼ਸਰ ਆਏ ਸਨ। ਜਸਵੀਰ ਨੂੰ ਉੱਥੇ ਸਨਮਾਨਿਤ ਕੀਤਾ ਜਾਣਾ ਸੀ। ਜਦੋਂ ਉਹ ਸਟੇਜ 'ਤੇ ਪਹੁੰਚੀ, ਤਾਂ ਉਸ ਨੇ ਰੇਸ਼ਮੀ ਸੂਟ ਨਹੀਂ, ਸਗੋਂ ਆਪਣੀ ਸਾਦੀ ਖੱਦਰ ਦੀ ਚੁੰਨੀ ਸਿਰ 'ਤੇ ਲਈ ਹੋਈ ਸੀ। ਉਸ ਦੇ ਹੱਥਾਂ ਦੀ ਸਖ਼ਤੀ ਉਸ ਦੇ ਸੰਘਰਸ਼ ਦੀ ਗਵਾਹੀ ਦੇ ਰਹੀ ਸੀ। ਜਦੋਂ ਉਸ ਨੂੰ ਮਾਈਕ ਫੜਾਇਆ ਗਿਆ, ਤਾਂ ਪੂਰੇ ਪੰਡਾਲ ਵਿੱਚ ਸੰਨਾਟਾ ਛਾ ਗਿਆ। ਉਸ ਨੇ ਬੋਲਣਾ ਸ਼ੁਰੂ ਕੀਤਾ:
"ਲੋਕ ਕਹਿੰਦੇ ਨੇ ਅੱਜ 'ਔਰਤ ਦਾ ਦਿਨ' ਹੈ। ਮੈਂ ਪੁੱਛਦੀ ਹਾਂ, ਕਿਹੜਾ ਦਿਨ ਔਰਤ ਦਾ ਨਹੀਂ ਹੈ? ਜਦੋਂ ਅਸੀਂ ਸਵੇਰੇ ਉੱਠ ਕੇ ਚੁੱਲ੍ਹਾ ਬਾਲਦੀਆਂ ਹਾਂ, ਤਾਂ ਉਹ ਦਿਨ ਸਾਡਾ ਹੁੰਦਾ ਹੈ। ਜਦੋਂ ਅਸੀਂ ਆਪਣੇ ਬੱਚਿਆਂ ਨੂੰ ਮੁਸੀਬਤ ਵਿੱਚ ਹੱਸਣਾ ਸਿਖਾਉਂਦੀਆਂ ਹਾਂ, ਤਾਂ ਉਹ ਪਲ ਸਾਡਾ ਹੁੰਦਾ ਹੈ। ਔਰਤ ਕੋਈ ਅਜਿਹੀ ਚੀਜ਼ ਨਹੀਂ ਜਿਸ ਨੂੰ ਸਾਲ ਵਿੱਚ ਇੱਕ ਦਿਨ ਯਾਦ ਕੀਤਾ ਜਾਵੇ, ਉਹ ਤਾਂ ਉਹ ਧਰਤੀ ਹੈ ਜਿਸ ਉੱਤੇ ਸਾਰੀ ਮਨੁੱਖਤਾ ਪੈਰ ਰੱਖ ਕੇ ਚੱਲਦੀ ਹੈ। ਮੈਂ ਬੰਜਰ ਜ਼ਮੀਨ ਨੂੰ ਹਰਿਆਵਲ ਵਿੱਚ ਬਦਲਿਆ, ਕਿਉਂਕਿ ਮੈਂ ਮੰਨ ਲਿਆ ਸੀ ਕਿ ਬੰਜਰ ਜ਼ਮੀਨ ਵਿੱਚ ਨਹੀਂ, ਬੰਦੇ ਦੀ ਸੋਚ ਵਿੱਚ ਹੁੰਦਾ ਹੈ।"

ਸ਼ਾਮ ਦੇ ਪਰਛਾਵੇਂ ਲੰਬੇ ਹੋ ਰਹੇ ਸਨ। ਜਸਵੀਰ ਨਹਿਰ ਦੇ ਕੰਢੇ ਬੈਠ ਗਈ। ਸੂਰਜ ਡੁੱਬ ਰਿਹਾ ਸੀ ਅਤੇ ਅਸਮਾਨ ਵਿੱਚ ਕੇਸਰੀ, ਗੁਲਾਬੀ ਅਤੇ ਜਾਮਣੀ ਰੰਗਾਂ ਦੀ ਇੱਕ ਅਦਭੁਤ ਚਿੱਤਰਕਾਰੀ ਹੋ ਰਹੀ ਸੀ। ਉਸ ਨੇ ਦੇਖਿਆ ਕਿ ਉਸ ਦੀ ਧੀ ਨੇ ਘਰ ਦੇ ਅੱਗੇ ਇੱਕ ਬੋਰਡ ਲਗਾਇਆ ਸੀ, ਜਿਸ 'ਤੇ ਲਿਖਿਆ ਸੀ "ਜਸਵੀਰ ਕੌਰ: ਕੁਦਰਤ ਦੀ ਧੀ ਦਾ ਘਰ"। ਜਸਵੀਰ ਨੇ ਮਹਿਸੂਸ ਕੀਤਾ ਕਿ ਔਰਤ ਦੀ ਅਸਲੀ ਆਜ਼ਾਦੀ ਕਿਸੇ ਹੋਰ 'ਤੇ ਨਿਰਭਰ ਹੋਣ ਵਿੱਚ ਨਹੀਂ, ਸਗੋਂ ਆਪਣੇ ਆਪ ਨੂੰ ਪਛਾਣਨ ਵਿੱਚ ਹੈ। ਉਹ ਜਾਣਦੀ ਸੀ ਕਿ ਉਸ ਦਾ ਸੰਘਰਸ਼ ਸਿਰਫ਼ ਉਸ ਲਈ ਨਹੀਂ ਸੀ, ਸਗੋਂ ਆਉਣ ਵਾਲੀਆਂ ਉਨ੍ਹਾਂ ਹਜ਼ਾਰਾਂ ਕੁੜੀਆਂ ਲਈ ਇੱਕ ਚਾਨਣ-ਮੁਨਾਰਾ ਸੀ ਜੋ ਅਜੇ ਵੀ ਖੇਤਾਂ ਦੀਆਂ ਪਗਡੰਡੀਆਂ 'ਤੇ ਆਪਣੇ ਸੁਪਨਿਆਂ ਦੀ ਤਲਾਸ਼ ਕਰ ਰਹੀਆਂ ਹਨ।